# ਪ੍ਰਾਇਵੇਟ ਫੋਸਟਰਿੰਗ ਕੀ ਹੁੰਦੀ ਹੈ?

ਜੇਕਰ ਇਕ ਬੱਚਾ ਇਕ ਅਜਿਹੇ ਵਿਅਕਤੀ ਦੇ ਨਾਲ ਰਹਿ ਰਿਹਾ ਹੈ ਜਿਹੜਾ ਉਸ ਦਾ ਰਿਸ਼ਤੇਦਾਰ ਨਹੀਂ ਹੈ ਅਤੇ ਉਹ ਵਿਅਕਤੀ ਉਸ ਦੀ ਕੇਅਰ (ਦੇਖਭਾਲ) ਕਰ ਰਿਹਾ ਹੈ ਤਾਂ ਇਸ ਤਰ੍ਹਾਂ ਦੇ ਪ੍ਰਬੰਧ ਨੂੰ ਪ੍ਰਾਇਵੇਟ ਫੋਸਟਰਿੰਗ ਕਿਹਾ ਜਾਂਦਾ ਹੈ ।

ਇਸ ਪ੍ਰਬੰਧ ਦੇ ਕਈ ਕਾਰਨ ਹੋ ਸਕਦੇ ਹਨ ਅਤੇ ਇਹ ਥੋੜ੍ਹੇ ਸਮੇਂ ਲਈ ਜਾਂ ਲੰਬੇ ਸਮੇਂ ਲਈ ਹੋ ਸਕਦਾ ਹੈ ।

ਹੋ ਸਕਦਾ ਹੈ ਕਿ ਬੱਚੇ ਦੇ ਮਾਤਾ–ਪਿਤਾ ਠੀਕ ਨਾ ਹੋਣ, ਜਾਂ ਪਰਿਵਾਰ ਦੇ ਵਿਚ ਕੋਈ ਪ੍ਰੇਸ਼ਾਨੀ ਹੋਵੇ । ਜਦ ਮਾਪੇ ਵਿਦੇਸ਼ ਵਿੱਚ ਰਹਿੰਦੇ ਹੋਣ ਤਾਂ ਇਹ ਪ੍ਰਬੰਧ ਸਹੂਲਤ ਲਈ ਹੋ ਸਕਦਾ ਹੈ ।




# ਸੰਪਰਕ ਲਈ ਨੰਬਰ

ਸਾਡੇ ਨਾਲ ਸੰਪਰਕ ਕਰੋਗੇ ਤਾਂ ਅਸੀਂ ਤੁਹਾਨੂੰ ਦੱਸ ਸਕਦੇ ਹਾਂ ਅਗਾਂਹ ਕੀ ਕਰਨਾ ਹੈ । ਜੇਕਰ ਲੋੜ ਹੋਵੇ ਤਾਂ ਅਸੀਂ ਹੋਰ ਭਾਸ਼ਾਵਾਂ ਵਿਚ ਜਾਣਕਾਰੀ ਦਾ ਪ੍ਰਬੰਧ ਕਰ ਸਕਦੇ ਹਾਂ । ਜੇਕਰ ਤੁਸੀਂ ਅੱਗੇ ਲਿਖੇ ਥਾਵਾਂ ਤੇ ਰਹਿੰਦੇ ਹੋ:

**ਲੈਸਟਰ**
0116 454 1004 ਤੇ ਫੋਨ ਕਰੋ

**ਲੈਸਟਰਸ਼ਾਇਰ**
0116 305 0005 ਤੇ ਫੋਨ ਕਰੋ

**ਰੱਟਲੈਂਡ**
01572 758407 ਤੇ ਫੋਨ ਕਰੋ

**ਸੇਫ਼ਗਾਰਡਿੰਗ ਚਿਲਡਰਨ ਬੋਰਡ ਲੈਸਟਰਸ਼ਾਇਰ ਐਂਡ ਰੱਟਲੈਂਡ**
www.lrsb.org.uk

**ਸੇਫ਼ਗਾਰਡਿੰਗ ਚਿਲਡਰਨ ਬੋਰਡ ਲੈਸਟਰ**
www.lcitylscb.org

N0908 3/15

Safeguarding Children Board LEICESTERSHIRE & RUTLAND

Leicester Safeguarding Children Board




# ਕੇਅਰਰਸ ਲਈ ਜਾਣਕਾਰੀ

PUNJABI

# ਸਥਿਤੀ ਦੇ ਬਾਰੇ ਸਾਡੇ ਨਾਲ ਗਲ ਕਰੋ ।

ਜੇਕਰ ਤੁਸੀਂ ਆਪ ਜਾਂ ਤੁਸੀਂ ਕਿਸੇ ਵਿਅਕਤੀ ਨੂੰ ਜਾਣਦੇ ਹੋ ਜੋ ਕਿਸੇ ਹੋਰ ਦੇ ਬੱਚੇ ਦੀ ਦੇਖਭਾਲ ਕਰਦਾ ਹੈ ਤਾਂ ਤੁਹਾਨੂੰ ਆਪਣੀ ਲੋਕਲ ਅਥਾਰਿਟੀ ਦੀਆਂ ਚਿਲਡਰਨਜ਼ ਸਰਵਿਸਿਸ ਨਾਲ ਗਲ ਕਰਨੀ ਚਾਹੀਦੀ ਹੈ ।

ਜਿਥੇ ਲੋੜ ਹੋਈ ਸਪੋਰਟ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ ।

ਤਜ਼ਰਬੇਕਾਰ ਸੋਸ਼ਲ ਵਰਕਰਸ ਅਲੱਗ ਅਲੱਗ ਅਤੇ ਜਿਥੋਂ ਤੱਕ ਸੰਭਵ ਹੋਵੇ ਉਹਨਾਂ ਮੁਸ਼ਕਲ ਪ੍ਰਸਥਿਤੀਆਂ ਨੂੰ ਸਮਝ ਸਕਦੇ ਹਨ ਜਿਹੜੀਆਂ ਪ੍ਰਾਇਵਿਟ ਫੋਸਟਰਿੰਗ ਦਾ ਕਾਰਨ ਬਣਦੀਆਂ ਹਨ। ਉਹ ਉਸ ਕਾਨੂੰਨ (ਚਿਲਡਰਨ ਐਕਟ 1989) ਤੋਂ ਵੀ ਵਾਕਿਫ਼ ਹੁੰਦੇ ਹਨ ਜਿਹੜਾ ਇਹ ਯਕੀਨਣ ਬਣਾਉਣ ਲਈ ਹੈ ਕਿ ਸਾਰੇ ਬੱਚੇ ਸੁਰੱਖਿਅਤ ਹਨ ਅਤੇ ਉਹਨਾਂ ਦੀ ਦੇਖਭਾਲ ਚੰਗੀ ਤਰ੍ਹਾਂ ਕੀਤੀ ਜਾਂਦੀ ਹੈ ।

**"ਸੂ, ਸੋਸ਼ਲ ਵਰਕਰ ਬਹੁਤ ਵਧੀਆ ਰਹੀ ਹੈ।"**

**"ਹਰ ਇਕ ਚੀਜ਼ ਨੂੰ ਚੰਗੀ ਤਰ੍ਹਾਂ ਸਮਝ ਕੇ ਅਤੇ ਜਾਣ ਕੇ ਸ਼ਾਂਤੀ ਹੋਈ ਹੈ ਕਿ ਅਸੀਂ ਠੀਕ ਕਰ ਰਹੇ ਹਾਂ।"**

# ਅਸੀਂ ਕਿਸ ਕਿਸਮ ਦੀ ਸਪੋਰਟ ਪ੍ਰਦਾਨ ਕਰਦੇ ਹਾਂ?

ਚਿਲਡਰਨਜ਼ ਸਰਵਿਸਿਸ ਦੀ ਇਕ ਤਜ਼ਰਬੇਕਾਰ ਟੀਮ ਹੈ ਜਿਹੜੀ ਤੁਹਾਨੂੰ ਸਲਾਹ ਦੇ ਸਕਦੀ ਹੈ ਅਤੇ ਉਹ ਤੁਹਾਡੇ ਲਈ ਅਤੇ ਤੁਹਾਡੇ ਬੱਚੇ ਲਈ ਇਕ ਨਿੱਜੀ ਸੰਪਰਕ ਹਨ ।

ਜਦ ਕੌਂਸਲ ਨੂੰ ਪ੍ਰਬੰਧ ਦੇ ਬਾਰੇ ਦੱਸ ਦਿਤਾ ਗਿਆ ਤਾਂ ਉਸ ਸਮੇਂ ਤੋਂ ਇਕ ਹਫ਼ਤੇ ਦੇ ਅੰਦਰ ਇਕ ਸੋਸ਼ਲ ਵਰਕਰ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਮਿਲਣ ਲਈ ਆਵੇਗਾ/ਗੀ। ਪਹਿਲੇ ਸਾਲ ਦੇ ਦੌਰਾਨ ਉਹ ਹਰ 6 ਹਫ਼ਤਿਆਂ ਵਿਚ ਇਕ ਵਾਰੀ ਮਿਲਣ ਆਇਆ ਕਰਨਗੇ ਅਤੇ ਉਸ ਤੋਂ ਬਾਅਦ ਹਰ 12 ਹਫ਼ਤਿਆਂ ਵਿਚ ਇਕ ਵਾਰੀ । ਜੇਕਰ ਬੱਚਾ ਜਾਂ ਕੇਅਰਰ ਸੋਸ਼ਲ ਵਰਕਰ ਨਾਲ ਕਿਸੇ ਚੀਜ਼ ਬਾਰੇ ਗਲ ਕਰਨੀ ਚਾਹੁੰਦੇ ਹੋਣ ਤਾਂ ਉਹ ਕਿਸੇ ਵੀ ਸਮੇਂ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ।

ਸੋਸ਼ਲ ਵਰਕਰ ਅੱਗੇ ਲਿਖਿਆਂ ਬਾਰੇ ਸਲਾਹ ਦੇ ਸਕਦੇ ਹਨ:

- ਭਾਵਨਾਤਮਿਕ ਵਿਕਾਸ
- ਪੜ੍ਹਾਈ
- ਹੈਲਥਕੇਅਰ(ਸਿਹਤ ਸਬੰਧੀ ਦੇਖਭਾਲ)
- ਪੈਸੇ ਸਬੰਧੀ ਪ੍ਰਬੰਧ ਅਤੇ ਮਦਦ
- ਕਾਨੂੰਨੀ ਜ਼ਿੰਮੇਵਾਰੀਆਂ

# ਪ੍ਰਾਇਵੇਟ ਫੋਸਟਰਿੰਗ ਪ੍ਰਬੰਧ ਕੀ ਹੁੰਦਾ ਹੈ?

ਪ੍ਰਾਇਵੇਟ ਤੌਰ ਤੇ ਫੋਸਟਰ ਕੀਤਾ ਜਾਣ ਵਾਲਾ ਬੱਚਾ 16 ਸਾਲ (ਜਾਂ ਜੇਕਰ ਉਸ ਨੂੰ ਕਿਸੇ ਕਿਸਮ ਦੀ ਨਿਰਯੋਗਤਾ ਹੋਵੇ ਤਾਂ 18 ਸਾਲ) ਤੋਂ ਘੱਟ ਉਮਰ ਦਾ ਉਹ ਬੱਚਾ ਹੁੰਦਾ ਹੈ ਜਿਸ ਦੀ ਦੇਖਭਾਲ ਕਿਸੇ ਹੋਰ ਵਿਅਕਤੀ ਦੁਆਰਾ ਕੀਤੀ ਜਾਂਦੀ ਹੋਵੇ ਅਤੇ ਉਹ ਉਹਨਾਂ ਦੇ ਨਾਲ ਹੀ ਰਹਿੰਦਾ ਹੋਵੇ ।

ਉਹ ਕੇਅਰਰ (ਦੇਖਭਾਲ ਕਰਨ ਵਾਲਾ ਵਿਅਕਤੀ):

- ਇਕ ਮਾਂ/ਬਾਪ, ਜਾਂ ਹੋਰ ਵਿਅਕਤੀ ਨਹੀਂ ਹੁੰਦਾ ਜਿਸ ਦੀ ਉਸ ਬੱਚੇ ਦੇ ਪਾਲਣ–ਪੋਸ਼ਣ ਦੀ ਜ਼ਿੰਮੇਵਾਰੀ ਬਣਦੀ ਹੋਵੇ
- ਇਕ ਨਜ਼ਦੀਕੀ ਰਿਸ਼ਤੇਦਾਰ ਨਹੀਂ ਹੁੰਦਾ; ਜਿਵੇਂ ਕਿ ਦਾਦਾ–ਦਾਦੀ ਜਾਂ ਨਾਨਾ–ਨਾਨੀ ਮਤ੍ਰਇਆ ਮਾਂ/ਬਾਪ, ਭਰਾ ਜਾਂ ਭੈਣ, ਅੰਕਲ ਜਾਂ ਅੰਟੀ। ਰਿਸ਼ਤੇਦਾਰ ਸਕਾ, ਮਤ੍ਰਇਆ ਜਾਂ ਸ਼ਾਦੀ ਦੀ ਵਜ੍ਹਾ ਕਾਰਨ ਹੋ ਸਕਦਾ ਹੈ ।

**ਇਹ ਇਕ ਅਜਿਹਾ ਪ੍ਰਬੰਧ ਹੈ ਜਿਥੇ ਕੇਅਰ 27 ਦਿਨਾਂ ਤੋਂ ਵੱਧ ਸਮੇਂ ਲਈ ਚਲਣੀ ਹੁੰਦੀ ਹੈ ।**

**"ਸੂ ਨੇ ਮੇਰੀ ਮਦਦ ਕੀਤੀ ਅਤੇ ਆਇਸ਼ਾ ਦੀ ਮਾਂ ਨੇ ਲਿਖਤੀ ਇਕਰਾਰਨਾਮਾ ਤਿਆਰ ਕੀਤਾ ਤਾਂ ਜੋ ਹਰੇਕ ਚੀਜ਼ ਕਾਨੂੰਨ ਅਨੁਸਾਰ ਅਤੇ ਸੁਰੱਖਿਅਤ ਹੋਵੇ।"**